**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ ਰਾਜ।

ਮੀਮੋ ਨੰ: 15/24-2020 Co/ssE/ 202195523-528

ਮਿਤੀ: 18-03-2021

**ਵਿਸ਼ਾ:-** **ਡਾਕ ਪ੍ਰਾਪਤੀ ਵਿੱਚ ਹੋਣ ਵਾਲੀ ਦੇਰੀ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਇਹ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਜਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਮੁੱਖ ਦਫ਼ਤਰ ਨੂੰ ਪੱਤਰ ਡਾਕ ਰਾਹੀਂ ਭੇਜੇ ਜਾਂਦੇ ਹਨ। ਇਸ ਤਰ੍ਹਾਂ ਇਹ ਪੱਤਰ ਡਾਕ ਸਿਸਟਮ ਰਾਹੀਂ ਆਉਣ ਕਾਰਨ ਪਹਿਲਾਂ ਹੀ ਮੁੱਖ ਦਫ਼ਤਰ ਵਿੱਚ ਲੇਟ ਪ੍ਰਾਪਤ ਹੁੰਦੇ ਹਨ ਅਤੇ ਇਸ ਉਪਰੰਤ ਇਨ੍ਹਾਂ ਪੱਤਰਾਂ ਨੂੰ ਸ਼ਾਖਾਵਾਂ ਵਿੱਚ ਡੀਲ ਕਰਨ ਵਿੱਚ ਸਮਾਂ ਲਗਦਾ ਹੈ। ਜਦੋਂ ਇਸ ਮਾਮਲੇ ਬਾਰੇ ਮੁੱਖ ਦਫ਼ਤਰ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਜਿਲ੍ਹਾ ਸਿੱਖਿਆ ਅਫ਼ਸਰਾਂ ਦੁਆਰਾ ਹੀ ਪੱਤਰ ਲੇਟ ਪ੍ਰਾਪਤ ਹੁੰਦੇ ਹਨ। ਇਸ ਸਾਰੀ ਸਮੱਸਿਆ ਨੂੰ ਹੱਲ ਕਰਨ ਲਈ ਹੇਠ ਲਿਖੇ ਅਨੁਸਾਰ ਸੁਝਾਅ ਪ੍ਰਾਪਤ ਹੋਏ ਹਨ:-

(ੳ) ਜਿਲ੍ਹਾ ਸਿੱਖਿਆ ਅਫ਼ਸਰਾਂ ਦੁਆਰਾ ਭੇਜਿਆ ਜਾਣ ਵਾਲਾ ਕੋਈ ਵੀ ਪੱਤਰ ਜਿਸ ਵੀ ਅਥਾਰਟੀ ਨੂੰ ਸੰਬੋਧਿਤ ਹੋਵੇ ਉਸਨੂੰ ਈ.ਮੇਲ ਰਾਹੀਂ ਭੇਜਿਆ ਜਾਵੇ।

(ਅ) ਭੇਜੇ ਜਾਣ ਵਾਲੇ ਪੱਤਰ ਮੁੱਖ ਦਫ਼ਤਰ ਵਿਖੇ ਸਬੰਧਤ ਸ਼ਾਖਾ ਦੀ ਈ.ਮੇਲ (ਜੇਕਰ ਪਤਾ ਹੋਵੇ) ਤੇ ਵੀ ਭੇਜੇ ਜਾਣ।

(ੲ) ਭੇਜੇ ਜਾਣ ਵਾਲੇ ਪੱਤਰਾਂ ਦੀ ਇੱਕ ਕਾਪੀ ਆਪਣੇ ਜਿਲ੍ਹੇ ਦੇ ਨੋਡਲ ਅਫ਼ਸਰ ਨੂੰ ਵੱਟਸਐਪ ਰਾਹੀਂ ਮੁਹੱਈਆ ਕਰਵਾਈ ਜਾਵੇ।

3.0 ਆਪ ਨੂੰ ਬੇਨਤੀ ਹੈ ਕਿ ਉਪਰੋਕਤ ਸੁਝਾਵਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਜਿੱਥੇ ਕਿਤੇ ਪੱਤਰ ਪ੍ਰਾਪਤ ਹੋਣ ਵਿੱਚ ਦੇਰੀ ਹੁੰਦੀ ਹੈ ਤਾਂ ਇਸ ਸਬੰਧੀ ਹਫ਼ਤਾਵਾਰੀ ਮੀਟਿੰਗ ਵਿੱਚ ਦੱਸਿਆ ਜਾਵੇ ਅਤੇ ਨਿਮਨ ਹਸਤਾਖਰੀ ਦੇ ਦਫ਼ਤਰੀ ਟੈਲੀਫੋਨ ਨੰ. 0172-5212368 ਤੇ ਵੀ ਸੁਨੇਹਾ ਦਿੱਤਾ ਜਾਵੇ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 202195523-528 ਮਿਤੀ: 18-03-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ./ਐ.ਸਿ.)
3. ਅਧੀਨ ਸਕੱਤਰ ਸਕੂਲ ਸਿੱਖਿਆ।
4. ਸਮੂਹ ਸਕੂਲ ਮੁਖੀ ਉਪਰੋਕਤ ਅਨੁਸਾਰ ਪਾਲਣਾ ਹਿੱਤ।
5. ਮੁੱਖ ਦਫ਼ਤਰ ਵਿਖੇ ਤਾਇਨਾਤ ਸਮੂਹ ਜਿਲ੍ਹਿਆਂ ਦੇ ਨੋਡਲ ਅਫ਼ਸਰ।

**ਸਕੱਤਰ ਸਕੂਲ ਸਿੱਖਿਆ**